ਜੇ ਜ਼ਮਾਨਤ ਦਿੱਤੀ ਜਾਂਦੀ ਹੈ, ਤਾਂ VIA ਜ਼ਮਾਨਤ ਦੇ ਕਿਸੇ ਫ਼ੈਸਲਿਆਂ ਬਾਰੇ, ਅਤੇ ਇਸ 'ਤੇ ਜੋ ਸ਼ਰਤਾਂ ਲਾਗੂ ਹੁੰਦੀਆਂ ਹਨ ਬਾਰੇ ਤੁਹਾਨੂੰ ਦੱਸਣਗੇ।

## ਕੀ ਮੈਨੂੰ ਅਦਾਲਤ ਜਾਣਾ ਪਏਗਾ?

ਜੇ ਮੁਲਜ਼ਮ ਦੋਸ਼ੀ ਹੋਣ ਦੀ ਦਰਖ਼ਾਸਤ ਕਰਦਾ ਹੈ, ਤੁਹਾਨੂੰ ਆਮ ਤੌਰ 'ਤੇ ਅਦਾਲਤ ਜਾਣ ਦੀ ਜ਼ਰੂਰਤ ਨਹੀਂ ਪਏਗੀ।

ਜੇ ਮੁਲਜ਼ਮ ਦੋਸ਼ੀ ਨਾ ਹੋਣ ਦੀ ਦਰਖ਼ਾਸਤ ਕਰਦਾ ਹੈ, ਤਾਂ ਤੁਹਾਨੂੰ ਸ਼ਾਇਦ ਅਦਾਲਤ ਵਿੱਚ ਇਕ ਗਵਾਹ ਦੇ ਤੌਰ 'ਤੇ ਜਾਣਾ ਪਏਗਾ ਅਤੇ ਗਵਾਹੀ ਦੇਣੀ ਪਏਗੀ। ਇਸਦਾ ਮਤਲਬ ਹੈ ਕਿ ਤੁਹਾਨੂੰ ਅਦਾਲਤ ਨੂੰ ਦੱਸਣਾ ਪਏਗਾ ਕਿ ਤੁਸੀਂ ਇਸ ਜੁਰਮ ਬਾਰੇ ਕੀ ਜਾਣਦੇ ਹੋ।

ਕੋਈ ਵੀ ਵਿਅਕਤੀ ਜੋ ਅਦਾਲਤ ਵਿੱਚ ਗਵਾਹੀ ਦਿੰਦਾ ਹੈ, ਨੂੰ ਪਹਿਲਾਂ ਸੱਚ ਬੋਲਣ ਦਾ ਵਾਅਦਾ ਕਰਨਾ ਚਾਹੀਦਾ ਹੈ। ਤੁਸੀਂ ਇਹ ਵਾਅਦਾ ਉਸ ਤਰੀਕੇ ਨਾਲ ਦੇ ਸਕਦੇ ਹੋ ਜੋ ਤੁਹਾਡੇ ਧਰਮ, ਭਾਸ਼ਾ ਜਾਂ ਸਭਿਆਚਾਰ ਮੁਤਾਬਕ ਢੁੱਕਵਾਂ ਹੈ।

ਵਿਅਕਤੀ ਜਿਸ ਉੱਤੇ ਇਸ ਜੁਰਮ ਦਾ ਆਰੋਪ ਹੈ, ਵੀ ਅਦਾਲਤ ਵਿੱਚ ਮੌਜੂਦ ਹੋ ਸਕਦਾ ਹੈ।

VIA ਤੁਹਾਨੂੰ ਜਾਣਕਾਰੀ ਦੇ ਸਕਦੇ ਹਨ ਕਿ ਇਸ ਵਿੱਚ ਕੀ ਸ਼ਾਮਿਲ ਹੈ ਅਤੇ ਇਸ ਪ੍ਰਕਿਰਿਆ ਦੌਰਾਨ ਤੁਹਾਡੀ ਮਦਦ ਕਰਣਗੇ। ਅਸੀਂ ਕਿਸੇ ਦਾ ਇੰਤਜ਼ਾਮ ਕਰ ਸਕਦੇ ਹਾਂ ਜੋ ਟ੍ਰਾਇਲ ਤੋਂ ਪਹਿਲਾਂ ਤੁਹਾਨੂੰ ਕੋਰਟ ਦਾ ਗੇੜਾ ਲਗਵਾ ਸਕਦਾ ਹੈ, ਤਾਂਕਿ ਤੁਸੀਂ ਜਾਣੂ ਹੋਵੋ ਕਿ ਕੀ ਉੱਮੀਦ ਕੀਤੀ ਜਾ ਸਕਦੀ ਹੈ। ਅਸੀਂ ਇਸ 'ਤੇ ਵੀ ਵਿਚਾਰ ਕਰ ਸਕਦੇ ਹਾਂ ਕਿ ਵਖੋ-ਵੱਖਰੇ ਤਰੀਕਿਆਂ ਨਾਲ ਤੁਹਾਡਾ ਗਵਾਹੀ ਦੇਣਾ ਮੁਮਕਿਨ ਹੈ ਜਾਂ ਨਹੀਂ।

## ਕੀ ਮੁਲਜ਼ਮ ਨੂੰ ਪਤਾ ਲਗ ਸਕਦਾ ਹੈ ਕਿ ਮੈਂ ਕਿੱਥੇ ਰਹਿੰਦਾ/ਦੀ ਹਾਂ?

ਹਲਾਂਕਿ ਬਚਾਅ ਪੱਖ ਦੇ ਵਕੀਲਾਂ ਨੂੰ ਤੁਹਾਡਾ ਵੇਰਵਾ ਦਿੱਤਾ ਜਾਏਗਾ, ਪਰ ਉਹਨਾਂ ਨੂੰ ਤੁਹਾਡਾ ਪਤਾ ਮੁਲਜ਼ਮ ਨੂੰ ਦੇਣ ਦੀ ਇਜਾਜ਼ਤ ਨਹੀਂ ਹੈ।

ਤੁਹਾਡਾ ਪਤਾ ਅਦਾਲਤ ਵਿੱਚ ਪੜ੍ਹ ਕੇ ਨਹੀਂ ਸੁਣਾਇਆ ਜਾਏਗਾ ਬਸ਼ਰਤੇ ਇਹ ਉਹ ਥਾਂ ਨਹੀਂ ਹੈ ਜਿੱਥੇ ਜੁਰਮ ਹੋਇਆ ਹੈ। ਪਰ ਇਹ ਪਰਤੱਖ ਹੋ ਸਕਦਾ ਹੈ ਜੇ ਅਪਰਾਧ ਉਸ ਪਤੇ ਤੋਂ ਦੇਖਿਆ ਗਿਆ ਹੋਏ ਜਾਂ ਕੋਈ ਸਮਾਨ ਉੱਥੋਂ ਮਿਲਿਆ ਹੋਏ। ਜੇ ਤੁਸੀਂ ਇਸ ਬਾਰੇ ਫ਼ਿਕਰਮੰਦ ਹੋ ਤਾਂ ਆਪਣੀਆਂ ਚਿੰਤਾਵਾਂ ਬਾਰੇ ਫਿਸਕਲ ਨਾਲ ਗੱਲ-ਬਾਤ ਕਰੋ।

## ਸਪੋਰਟ ਏਜੰਸੀਆਂ

ਤੁਸੀਂ ਸਹਾਰੇ ਲਈ ਹੇਠਾਂ ਸੂਚੀਬੱਧ ਸੰਸਥਾਵਾਂ ਵਿੱਚੋਂ ਕਿਸੇ ਨਾਲ ਸੰਪਰਕ ਕਰਨਾ ਪਸੰਦ ਕਰ ਸਕਦੇ ਹੋ।

### ਵਿਕਟਮਸਪੋਰਟਸਕਾੱਟਲੈਂਡ

ਜੁਰਮ ਦੇ ਪੀੜ੍ਹਤਾਂ ਅਤੇ ਉਹਨਾਂ ਦੇ ਪਰਵਾਰਾਂ ਨੂੰ ਵਿਵਹਾਰਕ ਅਤੇ ਜਜ਼ਬਾਤੀ ਸਹਾਰਾ ਪਰਦਾਨ ਕਰਦੇ ਹਨ। ਸਥਾਨਕ ਵੇਰਵੇ ਲਈ:
ਕੰਮ ਦੇ ਘੰਟਿਆਂ ਦੌਰਾਨ **0845 603 9213**
www.victimsupportsco.org.uk

### ਵਿਟਨਸ ਸਰਵਿਸ

ਸਾਰੇ ਪੀੜ੍ਹਤਾਂ ਅਤੇ ਗਵਾਹਾਂ, ਅਤੇ ਉਹਨਾਂ ਦੇ ਪਰਵਾਰਾਂ ਅਤੇ ਮਿਤਰਾਂ ਨੂੰ ਵਿਵਹਾਰਕ ਅਤੇ ਜਜ਼ਬਾਤੀ ਸਹਾਰਾ ਪਰਦਾਨ ਕਰਦੇ ਹਨ, ਜਦੋਂ ਉਹ ਅਦਾਲਤ ਵਿੱਚ ਹਾਜਰ ਹੁੰਦੇ ਹਨ। ਸਥਾਨਕ ਵਿਟਨਸ ਸਰਵਿਸ ਦੇ ਵੇਰਵੇ ਲਈ, ਕਿਰਪਾ ਕਰਕੇ ਵਿਕਟਮ ਸਪੋਰਟ ਸਕਾੱਟਲੈਂਡ ਨਾਲ ਸੰਪਰਕ ਕਰੋ, VIA ਨੂੰ ਪੁੱਛੋ ਜਾਂ ਉਸ ਅਦਾਲਤ ਨਾਲ ਸੰਪਰਕ ਕਰੋ ਜਿੱਥੇ ਟ੍ਰਾਇਲ ਹੋਣਾ ਹੈ।

### ਬਰਾਬਰੀ ਅਤੇ ਮਨੁੱਖੀ ਅਧਿਕਾਰ ਕਮਿਸ਼ਨ

ਆਪਣੇ ਸਥਾਨਕ ਦਫ਼ਤਰ ਦੇ ਵੇਰਵੇ ਲਈ ਫੋਨ ਕਰੋ **0845 604 5510**
www.equalityhumanrights.com
ਤੁਹਾਡੇ ਖੇਤਰ ਵਿੱਚ ਹੋਰ ਸੰਸਥਾਵਾਂ ਵੀ ਹੋ ਸਕਦੀਆਂ ਹਨ ਜੋ ਮਦਦ ਦੀ ਪੇਸ਼ਕਸ਼ ਕਰਦੀਆਂ ਹਨ। ਕਿਰਪਾ ਕਰਕੇ ਵੇਰਵੇ ਲਈ VIA ਨੂੰ ਪੁੱਛੋ।

## ਵਧੇਰੇ ਜਾਣਕਾਰੀ

ਕਿਰਪਾ ਕਰਕੇ ਨਾਲ ਨੱਥੀ ਖ਼ਤ 'ਤੇ ਲਿਖੇ ਟੈਲੀਫੋਨ ਨੰਬਰ 'ਤੇ ਆਪਣੇ ਸਥਾਨਕ VIA ਦਫ਼ਤਰ ਨਾਲ ਸੰਪਰਕ ਕਰੋ ਜੇ ਤੁਸੀਂ ਹੋਰ ਜਾਣਕਾਰੀ ਪਰਾਪਤ ਕਰਨਾ ਚਾਹੁੰਦੇ ਹੋ ਜਾਂ ਜੇ ਕੁਝ ਐਸਾ ਹੈ ਜਿਸ ਬਾਰੇ ਤੁਸੀਂ ਅਨਿਸ਼ਚਿਤ ਹੋ।

ਦੂਜੀ ਸੂਰਤ ਵਿੱਚ ਸਾਡੇ ਏਨਕੁਆਇਰੀ ਪੱਇੰਟ ਨਾਲ ਟੈਲੀਫੋਨ 'ਤੇ 01389 739557 ਜਾਂ 0844 561 3000 'ਤੇ ਸੰਪਰਕ ਕਰੋ

ਜਾਂ ਸਾਡੀ ਵੈਬਸਾਈਟ www.copfs.gov.uk 'ਤੇ ਜਾਓ

ਪੀੜ੍ਹਤ ਜਾਣਕਾਰੀ ਅਤੇ ਸਲਾਹ
ਕਰਾਉਨ ਦਫ਼ਤਰ ਅਤੇ ਪ੍ਰੋਕਯੂਰੇਟਰ ਫਿਸਕਲ ਸੇਵਾ ਦਾ ਇਕ ਹਿੱਸਾ

© ਕਰਾਉਨ ਕਾਪੀਰਾਈਟ 2010
ਏਪੀਐਸ ਗਰੁਪ ਸਕਾੱਟਲੈਂਡ DPPAS12579 03/12

**VIA** ਪੀੜ੍ਹਤਾਂ ਲਈ ਜਾਣਕਾਰੀ ਅਤੇ ਸਲਾਹ

# ਸਲਾਹ

## ਘਿਰਨਾ ਜੁਰਮ ਦੇ ਪੀੜ੍ਹਤਾਂ ਲਈ

ਕਿਰਪਾ ਕਰਕੇ VIA ਨਾਲ ਸੰਪਰਕ ਕਰੋ ਜੇ ਤੁਸੀਂ ਇਹ ਦਸਤਾਵੇਜ਼ ਕਿਸੇ ਹੋਰ ਭਾਸ਼ਾ, ਵੱਡੇ ਅੱਖਰਾਂ, ਆੱਡਿਓ, ਬ੍ਰੇਲ ਜਾਂ ਕਿਸੇ ਹੋਰ ਸਰੂਪ ਵਿੱਚ ਪਰਾਪਤ ਕਰਨਾ ਚਾਹੁੰਦੇ ਹੋ। ਅਸੀਂ RNID ਟੈਕਸਟ ਰੀਲੇਅ ਉਪਸਰਗ 18001 ਜਰਿਏ ਫੋਨਾਂ ਨੂੰ ਜੀ ਆਇਆਂ ਨੂੰ ਆਖਦੇ ਹਾਂ।

## ਜਾਣਕਾਰੀ ਅਤੇ ਸਲਾਹ

ਘਿਰਨਾ ਜੁਰਮ ਕੋਈ ਵੀ ਐਸਾ ਜੁਰਮ ਹੈ ਜੋ ਕੀਤਾ ਜਾਂਦਾ ਹੈ ਕਿਉਂਕਿ ਮੁਜਰਮ ਸੋਚਦਾ ਹੈ ਕਿ ਪੀੜ੍ਹਤ ਕਿਸੇ ਖ਼ਾਸ ਨਸਲ, ਧਰਮ, ਲਿੰਗੀ ਝੁਕਾਅ ਦਾ, ਵਿਪਰੀਤ ਲਿੰਗੀ ਜਾਂ ਅਪਾਹਜ ਹੈ, ਭਾਵੇਂ ਇਹ ਸੱਚ ਹੈ ਜਾਂ ਨਹੀਂ

ਪੱਖਪਾਤ ਨਾਲ ਵੱਧਨ ਵਾਲਾ ਜੁਰਮ ਇਕ ਐਸਾ ਜੁਰਮ ਹੈ ਜੋ ਹੋਰ ਗੰਭੀਰ ਬਣਾਇਆ ਗਿਆ ਹੈ ਕਿਉਂਕਿ ਇਹ:

- ਇਸ ਵਿਸ਼ਵਾਸ ਦੇ ਨਾਲ ਕੀਤਾ ਗਿਆ ਹੈ ਕਿ ਪੀੜ੍ਹਤ ਕਿਸੇ ਖ਼ਾਸ ਨਸਲ, ਧਰਮ, ਲਿੰਗੀ ਝੁਕਾਅ, ਵਿਪਰੀਤ ਲਿੰਗੀ ਪਛਾਣ ਦਾ ਸੀ ਜਾਂ ਅਪਾਹਜ ਸੀ; ਜਾਂ
- ਨਸਲ, ਧਰਮ, ਨਿਰਯੋਗਤਾ, ਲਿੰਗੀ ਝੁਕਾਅ ਜਾਂ ਵਿਪਰੀਤ ਲਿੰਗੀ ਪਛਾਣ ਨਾਲ ਸੰਬੰਧਤ ਪੱਖਪਾਤ ਨਾਲ ਮਿਲ ਕੇ ਜਾਂ ਪ੍ਰੇਰਿਤ ਸੀ

ਪੀੜ੍ਹਤਾਂ 'ਤੇ ਅਸਰ ਦੁਖਦਾਈ ਹੋ ਸਕਦੇ ਹਨ ਅਤੇ ਬਹੁਤ ਡਰ ਅਤੇ ਬੇਚੈਨੀ ਪੈਦਾ ਕਰ ਸਕਦੇ ਹਨ। ਇਕ ਪੀੜ੍ਹਤ ਦੇ ਤੌਰ 'ਤੇ, ਅਪਰਾਧਕ ਨਿਆਂ ਪ੍ਰਕਿਰਿਆ ਦੀ ਲਪੇਟ ਵਿੱਚ ਆਉਣਾ ਕਾਫ਼ੀ ਤਨਾਅਪੂਰਵਕ ਅਤੇ ਭੁਲਾਵਾਂ ਹੋ ਸਕਦਾ ਹੈ। **ਪੀੜ੍ਹਤ ਜਾਣਕਾਰੀ ਅਤੇ ਸਲਾਹ (VIA)** ਤੁਹਾਡੀ ਮਦਦ ਕਰ ਸਕਦੇ ਹਨ।

## VIA ਬਾਰੇ

VIA ਕਰਾਉਨ ਆਫਿਸ ਅਤੇ ਪ੍ਰੋਕਯੂਰੇਟਰ ਫਿਸਕਲ ਸੇਵਾ ਦਾ ਇਕ ਹਿੱਸਾ ਹੈ। ਪ੍ਰੋਕਯੂਰੇਟਰ ਫਿਸਕਲ (ਦ ਫਿਸਕਲ) ਸਕਾੱਟਲੈਂਡ ਵਿੱਚ ਅਪਰਾਧ ਦੀ ਜਾਂਚ ਅਤੇ ਮੁਕਦਮਾ ਚਲਾਉਣ ਲਈ ਜੁੰਮੇਵਾਰ ਹੈ।

VIA ਸਟਾਫ਼ ਆਪ ਮੁਕਦਮਾ ਨਹੀ ਚਲਾਉਂਦੇ। ਸਾਡਾ ਕੰਮ ਪੀੜ੍ਹਤਾਂ, ਗਵਾਹਾਂ ਅਤੇ ਅਚਾਨਕ, ਅਨਿਆਈ ਜਾਂ ਅਪਰਾਧ ਨਾਲ ਸੰਬੰਧਤ ਮੌਤਾਂ ਦੇ ਕੁਝ ਮਾਮਲਿਆਂ ਵਿੱਚ, ਉਹਨਾਂ ਦੇ ਸੋਗੀ ਨਜ਼ਦੀਕੀ ਰਿਸ਼ਤੇਦਾਰਾਂ ਦੀ ਮਦਦ ਕਰਨਾ ਹੈ।

VIA ਇਸ ਮੁਸ਼ਕਲ ਸਮੇਂ ਦੌਰਾਨ ਤੁਹਾਡੀ ਮਦਦ ਕਰ ਸਕਦੇ ਹਨ:

- ਅਪਰਾਧਕ ਨਿਆਂ ਵਿਵਸਥਾ (ਕ੍ਰਿਮਿਨਲ ਜਸਟਿਸ ਸਿਸਟਮ) ਕਿਸ ਤਰ੍ਹਾਂ ਕੰਮ ਕਰਦੀ ਹੈ ਅਤੇ ਤੁਸੀਂ ਕੀ ਉੱਮੀਦ ਕਰ ਸਕਦੇ ਹੋ, ਬਾਰੇ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰ ਕੇ
- ਤੁਹਾਨੂੰ ਮਾਮਲੇ ਦੀ ਤੱਰਕੀ ਦੀ ਬਾਕਾਇਦਾ ਖ਼ਬਰ ਦੇ ਕੇ
- ਪੀੜ੍ਹਤਾਂ ਅਤੇ ਉਹਨਾਂ ਦੇ ਪਰਵਾਰ ਲਈ ਹੋਰਨਾਂ ਸੇਵਾਵਾਂ ਨਾਲ ਤੁਹਾਡਾ ਸੰਪਰਕ ਕਰਾ ਕੇ

ਜੇ ਕਿਸੇ ਮੁਕਾਮ ਤੇ ਤੁਸੀਂ ਸਾਡੀ ਮਦਦ ਨਹੀਂ ਲੈਣਾ ਚਾਹੁੰਦੇ, ਸਾਨੂੰ ਸਿਰਫ਼ ਦੱਸ ਦਿਓ। ਜੇ ਤੁਸੀਂ ਫ਼ਿਰ ਆਪਣਾ ਮਨ ਬਦਲਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

## ਵਾਧੂ ਸਹਾਰਾ

ਜੇ ਤੁਹਾਡੀ ਪਹਿਲੀ ਜਾਂ ਪਸੰਦੀਦਾ ਭਾਸ਼ਾ ਅੰਗਰੇਜ਼ੀ ਨਹੀਂ ਹੈ, ਤੁਹਾਨੂੰ ਇਹ ਸਮਝਾਉਣ ਲਈ ਕਿ ਕੋਰਟ ਵਿੱਚ ਕੀ ਕਹਿਆ ਜਾ ਰਿਹਾ ਹੈ, ਜਾਂ ਗਵਾਹੀ ਦੇਣ ਵਿੱਚ ਮਦਦ ਕਰਨ ਲਈ ਤੁਹਾਨੂੰ ਇਕ ਦੁਭਾਸ਼ੀਏ ਦੀ ਜ਼ਰੂਰਤ ਪੈ ਸਕਦੀ ਹੈ। ਇਹ ਜਰੂਰੀ ਹੋ ਸਕਦਾ ਹੈ ਭਾਵੇਂ ਰੋਜ਼ਮੱਰਾ ਦੀ ਜ਼ਿੰਦਗੀ ਲਈ ਤੁਸੀਂ ਕਾਫ਼ੀ ਅੰਗਰੇਜ਼ੀ ਜਾਣਦੇ ਹੋ।

ਤੁਹਾਨੂੰ ਇਹ ਵੀ ਜ਼ਰੂਰਤ ਹੋ ਸਕਦੀ ਹੈ ਕਿ ਕੋਈ ਦਸਤਾਵੇਜ਼, ਜਿਸ ਤਰ੍ਹਾਂ ਕਿ ਫਿਸਕਲ ਵੱਲੋਂ ਖ਼ਤ, ਤੁਹਾਨੂੰ ਤੁਹਾਡੀ ਪਸੰਦੀਦਾ ਭਾਸ਼ਾ ਵਿੱਚ ਦਿੱਤੇ ਜਾਣ।

ਕੁਝ ਲੋਕਾਂ ਨੂੰ ਵਾਧੂ ਸਹਾਰੇ ਦੀ ਜ਼ਰੂਰਤ ਹੋ ਸਕਦੀ ਹੈ, ਉਦਾਹਰਣ ਦੇ ਤੌਰ 'ਤੇ ਕੋਰਟ ਵਿੱਚ ਅੰਦਰ ਜਾਣ ਲਈ ਮਦਦ।

ਕਿਰਪਾ ਕਰਕੇ VIA ਨੂੰ ਦੱਸੋ ਜੇ ਤੁਹਾਨੂੰ ਕੋਈ ਚਿੰਤਾਵਾਂ ਜਾਂ ਖ਼ਾਸ ਜ਼ਰੂਰਤਾਂ ਹਨ। ਅਸੀਂ ਇਸ ਗੱਲ 'ਤੇ ਵੀ ਵਿਚਾਰ ਕਰ ਸਕਦੇ ਹਾਂ ਕਿ ਤੁਹਾਡਾ ਵਖੋ-ਵੱਖਰੇ ਤਰੀਕਿਆਂ ਨਾਲ ਗਵਾਹੀ ਦੇਣਾ ਸੰਭਵ ਹੈ ਜਾਂ ਨਹੀਂ।

ਅਸੀਂ ਉੱਮੀਦ ਕਰਦੇ ਹਾਂ ਕਿ ਇਹ ਪਰਚਾ ਕਾਨੂੰਨੀ ਪ੍ਰਕਿਰਿਆ ਬਾਰੇ ਤੁਹਾਡੇ ਜੋ ਕੋਈ ਸਵਾਲ ਹਨ ਉਹਨਾਂ ਦਾ ਜਵਾਬ ਦਿੰਦਾ ਹੈ। ਕਿਰਪਾ ਕਰਕੇ ਸਾਨੂੰ ਪੁੱਛੋ ਜੇ ਐਸਾ ਕੁਝ ਹੋਰ ਹੈ ਜਿਸ ਬਾਰੇ ਤੁਸੀਂ ਜਾਣਨਾ ਚਾਹੁੰਦੇ ਹੋ ਜਾਂ ਅਨਿਸ਼ਚਿਤ ਹੋ।

### ਕੀ ਹੁੰਦਾ ਹੈ ਜਦ ਕਿਸੇ 'ਤੇ ਪੱਖਪਾਤ ਦੁਆਰਾ ਹੋਏ ਇਕ ਜੁਰਮ ਦਾ ਇਲਜ਼ਾਮ ਲੱਗਿਆ ਹੈ?

ਇਹਨਾਂ ਜੁਰਮਾਂ ਨੂੰ ਫਿਸਕਲ ਅਤੇ ਅਦਾਲਤਾਂ ਵੱਲੋਂ ਬੜੀ ਗੰਭੀਰਤਾ ਨਾਲ ਲਿਆਂ ਜਾਂਦਾ ਹੈ। ਆਮ ਤੌਰ ਤੇ, ਮੁਲਜ਼ਮ 'ਤੇ ਖ਼ਿਲਾਫ਼ ਇਕ ਆਰੋਪ ਇਸ ਤਰ੍ਹਾਂ ਦੇ ਲਫ਼ਜ਼ ਸ਼ਾਮਿਲ ਕਰੇਗਾ ਤਾਂਕਿ ਇਹ ਪਤਾ ਲੱਗ ਸਕੇ ਕਿ ਇਹ ਜੁਰਮ ਪੱਖਪਾਤ ਨਾਲ ਕੀਤਾ ਗਿਆ ਹੈ। ਫਿਸਕਲ ਮੁਕਦਮਾ ਚਲਾਏਗਾ ਜੇ ਕਾਫ਼ੀ ਸਬੂਤ ਹਨ ਅਤੇ ਜੇ ਉਹ ਸੋਚਦੇ ਹਨ ਕਿ ਐਸਾ ਕਰਨਾ ਜਨਤਾ ਦੇ ਹਿੱਤ ਵਿੱਚ ਹੈ।

ਜਨਤਾ ਦੇ ਹਿੱਤ ਦਾ ਮਤਲਬ ਹੈ ਕਿ ਫਿਸਕਲ ਇਮ ਮਾਮਲੇ ਨੂੰ ਸਾਰੇ ਪਾਸੋਂ ਦੇਖੇਗਾ ਅਤੇ – ਵਿਆਪਕ ਸਮਾਜ ਦੇ ਅਤੇ ਇਸਦੇ ਨਾਲ-ਨਾਲ ਪੀੜ੍ਹਤ ਅਤੇ ਮੁਲਜ਼ਮ ਦੇ ਨਜ਼ਰਿਏ ਤੋਂ। ਇਸ ਵਿੱਚ ਕਾਫ਼ੀ ਗਿਣਤੀ ਵਿੱਚ ਤੱਤ ਸ਼ਾਮਿਲ ਹਨ – ਉਦਾਹਰਣ ਲਈ, ਜੁਰਮ ਦੀ ਪ੍ਰਕਿਰਤੀ ਅਤੇ ਗੰਭੀਰਤਾ, ਪੀੜ੍ਹਤ ਅਤੇ ਹੋਰਨਾ ਗਵਾਹਾਂ ਉੱਤੇ ਇਸਦਾ ਅਸਰ, ਅਤੇ ਵਿਆਪਕ ਹਾਲਾਤ ਕਿ ਕੀ ਹੋਇਆ ਸੀ ਅਤੇ ਕੌਣ ਸ਼ਾਮਿਲ ਸੀ।

### ਕੀ ਇਕ ਟ੍ਰਾਇਲ ਹੋਏਗਾ?

ਆਰੋਪਿਤ ਵਿਅਕਤੀ ਨੂੰ ਅਦਾਲਤ ਵਿੱਚ ਜਾਣਾ ਹੁੰਦਾ ਹੈ ਅਤੇ ਜੁਰਮ ਲਈ ਦੋਸ਼ੀ ਜਾਂ ਦੋਸ਼ੀ ਨਾ ਹੋਣ ਦੀ ਦਰਖ਼ਾਸਤ ਕਰਨੀ ਹੁੰਦੀ ਹੈ।

ਜੇ ਮੁਲਜ਼ਮ ਦੋਸ਼ੀ ਹੋਣ ਦੀ ਦਰਖ਼ਾਸਤ ਕਰਦਾ ਹੈ, ਤਾਂ ਅਦਾਲਤ ਫੌਰਨ ਸਜ਼ਾ ਸੁਣਾ ਸਕਦੀ ਹੈ, ਜਾਂ ਵਧੇਰੇ ਜਾਣਕਾਰੀ ਤੇ ਵਿਚਾਰ ਕਰਨ ਤੋਂ ਬਾਅਦ।

ਜੇ ਮੁਲਜ਼ਮ ਦੋਸ਼ੀ ਨਾ ਹੋਣ ਦੀ ਦਰਖ਼ਾਸਤ ਕਰਦਾ ਹੈ, ਤਾਂ ਟ੍ਰਾਇਲ ਲਈ ਇਕ ਤਾਰੀਖ਼ ਪੱਕੀ ਕੀਤੀ ਜਾਏਗੀ।

ਜੇ ਮਾਮਲਾ ਟ੍ਰਾਇਲ ਤੱਕ ਜਾਣਾ ਹੈ, VIA ਤੁਹਾਨੂੰ ਸਮਝਾ ਸਕਦੇ ਹਨ ਕਿ ਅਦਾਲਤ ਵਿਵਸਥਾ ਕਿਸ ਤਰ੍ਹਾਂ ਕੰਮ ਕਰਦੀ ਹੈ, ਅਤੇ ਉਹ ਤੁਹਾਡੇ ਮਾਮਲੇ ਦੀ ਤਰੱਕੀ ਬਾਰੇ ਤੁਹਾਨੂੰ ਜਾਣਕਾਰੀ ਦਿੰਦੇ ਰਹਿਣਗੇ।

### ਕੀ ਮੁਲਜ਼ਮ ਨੂੰ ਟ੍ਰਾਇਲ ਤੋਂ ਪਹਿਲਾਂ ਜੇਲ੍ਹ ਵਿੱਚ ਰੱਖਿਆ ਜਾਏਗਾ?

ਅਦਾਲਤ ਫ਼ੈਸਲਾ ਕਰਦੀ ਹੈ ਕਿ ਟ੍ਰਾਇਲ ਤੋਂ ਪਹਿਲਾਂ ਮੁਲਜ਼ਮ ਦਾ ਕੀ ਹੋਏਗਾ।

ਅਦਾਲਤ ਹੁਕਮ ਦੇ ਸਕਦੀ ਹੈ ਕਿ ਮੁਲਜ਼ਮ ਨੂੰ ਹਿਰਾਸਤ ਵਿੱਚ ਰੱਖਿਆ ਜਾਏ। ਇਸਦਾ ਮਤਲਬ ਹੈ ਕਿ ਉਹਨਾਂ ਨੂੰ ਟ੍ਰਾਇਲ ਤੱਕ ਜੇਲ੍ਹ ਵਿੱਚ ਰੱਖਿਆ ਜਾਂਦਾ ਹੈ।

ਪਰ, ਅਦਾਲਤ ਇਸ ਗੱਲ 'ਤੇ ਰਾਜ਼ੀ ਹੋ ਸਕਦੀ ਹੈ ਕਿ ਮੁਲਜ਼ਮ ਨੂੰ ਟ੍ਰਾਇਲ ਤੱਕ ਜ਼ਮਾਨਤ 'ਤੇ ਛੱਡ ਦਿੱਤਾ ਜਾਏ। ਇਸਦਾ ਮਤਲਬ ਹੈ ਕਿ ਉਹਨਾਂ ਨੂੰ ਇਸ ਸ਼ਰਤ ਤੇ ਰਿਹਾ ਕੀਤਾ ਜਾਂਦਾ ਹੈ ਕਿ ਉਹ ਫ਼ਿਰ ਤੋਂ ਜੁਰਮ ਨਾ ਕਰਨ। ਅਦਾਲਤ ਕਿਸੇ ਬਹੁਤ ਗੰਭੀਰ ਅਰੋਪ, ਜਿਸ ਤਰ੍ਹਾਂ ਕਤਲ ਲਈ ਵੀ ਜ਼ਮਾਨਤ ਦੇ ਸਕਦੀ ਹੈ।

ਜ਼ਮਾਨਤ 'ਤੇ ਰਿਹਾ ਹੋਣ 'ਤੇ, ਮੁਲਜ਼ਮ ਨੂੰ ਤੁਹਾਨੂੰ ਜਾਂ ਕਿਸੇ ਵੀ ਗਵਾਹ ਨੂੰ ਧਮਕਾਉਣ ਜਾਂ ਖੌਫ਼ ਪੈਦਾ ਕਰਨ ਜਾਂ ਪਰੇਸ਼ਾਨ ਕਰਨ ਦੀ ਇਜਾਜ਼ਤ ਨਹੀਂ ਹੈ। ਅਦਾਲਤ ਉਹਨਾਂ ਨੂੰ ਤੁਹਾਡੇ ਜਾਂ ਜਿੱਥੇ ਤੁਸੀਂ ਰਹਿੰਦੇ ਹੋ ਦੇ ਆਸ-ਪਾਸ ਨਾ ਆਉਣ ਦਾ ਹੁਕਮ ਵੀ ਦੇ ਸਕਦੀ ਹੈ। ਜੇ ਮੁਲਜ਼ਮ ਇਹਨਾਂ ਵਿੱਚੋਂ ਕਿਸੇ ਵੀ ਸ਼ਰਤਾਂ ਦੀ ਉਲੰਘਣਾ ਕਰਦਾ ਹੈ, ਫੌਰਨ ਪੁਲਿਸ ਨਾਲ ਸੰਪਰਕ ਕਰੋ ਕਿਉਂਕਿ ਉਹ ਮੁਲਜ਼ਮ ਨੂੰ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਲਈ ਗਿਰਫ਼ਤਾਰ ਕਰ ਸਕਦੇ ਹਨ।

ਜੇ ਮੁਲਜ਼ਮ ਨੂੰ ਤੁਹਾਡੇ ਤੱਕ ਨਾ ਪਹੁੰਚਨ ਜਾਂ ਸੰਪਰਕ ਨਾ ਕਰਨ ਦਾ ਹੁਕਮ ਦਿੱਤਾ ਗਿਆ ਹੈ, ਤੁਹਾਨੂੰ ਉਹਨਾਂ ਤੱਕ ਨਹੀਂ ਪਹੁੰਚਨਾ ਚਾਹੀਦਾ ਅਤੇ ਨਾ ਹੀ ਸੰਪਰਕ ਕਰਨਾ ਚਾਹੀਦਾ ਹੈ।